ਅਜੀਤ ਹਰਿਆਣਾ
7
ਅਜੀਤ ਚੰਡੀਗੜ੍ਹ
ਮੰਗਲਵਾਰ, 4 ਜਨਵਰੀ 2022

## ਅਨਾਜ ਮੰਡੀ 'ਚੋਂ ਪਾਣੀ ਦੀਆਂ ਦੋ ਟੈਂਕੀਆਂ ਚੋਰੀ

ਮੰਡੀ ਲਾਧੂਕਾ, 3 ਜਨਵਰੀ (ਰਾਕੇਸ਼ ਛਾਬੜਾ)-ਇੱਥੋਂ ਦੀ ਅਨਾਜ ਮੰਡੀ ਵਿਚੋਂ ਚੋਰ ਪਾਣੀ ਵਾਲੀਆਂ ਦੋ ਟੈਂਕੀਆਂ ਚੋਰੀ ਕਰਕੇ ਲੈ ਗਏ। ਆੜ੍ਹਤੀ ਯੂਨੀਅਨ ਦੇ ਸਾਬਕਾ ਪ੍ਰਧਾਨ ਤੇ ਸੀਨੀਅਰ ਕਾਂਗਰਸੀ ਆਗੂ ਅਵਿਨਾਸ਼ ਕਮਰਾ ਨੇ ਕਿਹਾ ਹੈ ਚੋਰ ਸੰਜੀਵ ਕੁਮਾਰ ਪੁੱਤਰ ਸਤਪਾਲ ਭੂਸਰੀ ਤੇ ਰਾਮ ਲਾਲ ਕਾਠਪਾਲ ਪੁੱਤਰ ਰੌਸ਼ਨ ਲਾਲ ਦੀਆਂ ਦੁਕਾਨਾਂ 'ਤੇ ਲੱਗੀਆਂ ਹੋਈਆਂ ਪਾਣੀ ਵਾਲੀਆਂ ਟੈਂਕੀਆਂ ਲਾਹ ਕੇ ਲੈ ਗਏ ਹਨ ਜਦੋਂ ਕਿ ਉਸ ਦੀ ਦੁਕਾਨ ਤੇ ਲੱਗੀ ਹੋਈ ਪਾਣੀ ਵਾਲੀ ਟੈਂਕੀ ਨੂੰ ਲਾਹ ਕੇ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਚੋਰ ਸਫ਼ਲ ਨਹੀਂ ਹੋਏ ਅਤੇ ਜਾਂਦੇ ਹੋਏ ਚੋਰ ਇਸ ਟੈਂਕੀ ਦੀ ਭੰਨ ਤੋੜ ਕਰ ਗਏ ਹਨ। ਉਨ੍ਹਾਂ ਕਿਹਾ ਹੈ ਪਿਛਲੇ ਦਿਨੀਂ ਚੋਰ ਅਨਾਜ ਮੰਡੀ ਵਿਚੋਂ ਆੜ੍ਹਤ ਦੀ ਫ਼ਰਮ ਦੇਸ਼ ਰਾਜ ਸੰਦੀਪ ਕੁਮਾਰ ਦੀ ਦੁਕਾਨ ਤੋਂ 25 ਗੱਟੇ ਭਰੇ ਹੋਏ ਬਾਸਮਤੀ 1121 ਝੋਨੇ ਦੇ ਲੈ ਗਏ ਸਨ, ਜਿਨ੍ਹਾਂ ਦੀ ਬਾਜ਼ਾਰੀ ਕੀਮਤ 35 ਹਜ਼ਾਰ ਰੁਪਏ ਦੇ ਲਗਪਗ ਬਣਦੀ ਹੈ। ਉਨ੍ਹਾਂ ਨੇ ਕਿਹਾ ਹੈ ਇੱਥੋਂ ਦੀ ਅਨਾਜ ਮੰਡੀ ਵਿਚ ਚੋਰੀ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਉਨ੍ਹਾਂ ਫ਼ਾਜ਼ਿਲਕਾ ਦੇ ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਚੋਰਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਤੇ ਚੋਰੀ ਦੀਆਂ ਘਟਨਾਵਾਂ ਤੇ ਅੰਕੁਸ਼ ਲਗਾਇਆ ਜਾਵੇ।

# ਕੋਰੋਨਾ ਦੀਆਂ ਪਾਬੰਦੀਆਂ ਲਾਗੂ, 100 ਤੋਂ ਵੱਧ ਡਾਕਟਰਾਂ ਤੇ ਪੁਲਿਸ ਵਾਲਿਆਂ ਨੂੰ ਕੋਰੋਨਾ

ਕੋਲਕਾਤਾ, 3 ਜਨਵਰੀ (ਰਣਜੀਤ ਸਿੰਘ ਲੁਧਿਆਣਵੀ)-ਪੱਛਮੀ ਬੰਗਾਲ 'ਚ ਅੱਜ ਤੋਂ ਅਸ਼ੰਕ ਤਾਲਾਬੰਦੀ ਚਾਲੂ ਹੋ ਗਈ ਹੈ। ਬੀਤੇ ਕੁਝ ਦਿਨਾਂ ਤੋਂ ਵਧ ਰਿਹਾ ਕੋਰੋਨਾ ਦਾ ਗ੍ਰਾਫ਼ ਡਾਕਟਰਾਂ, ਸਿਹਤ ਕਰਮਚਾਰੀਆਂ, ਪੁਲਿਸ ਕਰਮਚਾਰੀਆਂ ਨੂੰ ਆਪਣੇ ਲਪੇਟੇ ਚ ਲੈ ਰਿਹਾ ਹੈ। ਪੁਰੂਲੀਆ ਜ਼ਿਲ੍ਹੇ ਦੇ ਡਿਪਟੀ ਸੀ.ਐੱਮ.ਓ.ਐੱਚ. ਐੱਸ. ਐੱਨ. ਚੌਧਰੀ ਦੀ ਕੋਰੋਨਾ ਕਾਰਨ ਮੌਤ ਹੋ ਗਈ ਹੈ। ਉਨਾਂ ਨੂੰ ਕੋਰੋਨਾ ਦੇ ਦੋਵੇਂ ਟੀਕੇ ਲੱਗੇ ਸਨ। ਇਸਦੇ ਨਾਲ ਹੀ 100 ਤੋਂ ਵੱਧ ਸਿਹਤ ਕਰਮਚਾਰੀ, ਪੁਲਿਸ ਵਾਲੇ ਕੋਰੋਨਾ ਪੀੜਤ ਹੋਏ ਹਨ। ਕਲਕੱਤਾ ਨੈਸ਼ਨਲ ਮੈਡੀਕਲ ਕਾਲਜ ਐਂਡ ਹਾਸਪੀਟਲ ਦੇ ਸੁਪਰਟੈਂਡੈਂਟ ਡਾਕਟਰ ਅਜੈ ਕੁਮਾਰ ਰਾਏ ਸਮੇਤ 70, ਚਿਤਰੰਜਨ ਸੇਵਾ ਸਦਨ ਅਤੇ ਕਾਲੀਘਾਟ ਹਾਸਪੀਟਲ ਦੇ 24, ਰੀਜਨਲ ਇੰਟੀਚੂਟ ਆਫ ਆਪਥਵੋਮਾਜੀ ਦੇ 12 ਡਾਕਟਰਾਂ ਨੂੰ ਕੋਰੋਨਾ ਹੋ ਗਿਆ ਹੈ। ਕੋਲਕਾਤਾ ਪੁਲਿਸ ਦੇ 13 ਕਰਮਚਾਰੀ ਕੋਰੋਨਾ ਪੀੜਤ ਹੋਏ ਹਨ, ਇਸਦੇ ਨਾਲ ਕੋਲਕਾਤਾ ਪੁਲਿਸ ਦੇ 63 ਅਫ਼ਸਰ ਤੇ ਕਰਮਚਾਰੀ ਕੋਰੋਨਾ ਪੀੜਤ ਹੋਏ। ਰਾਜ ਸਰਕਾਰ ਦੀ ਹਦਾਇਤ ਮੁਤਾਬਿਕ ਪੂਰਬੀ ਰੇਲਵੇ ਨੇ ਕਿਹਾ ਕਿ ਸ਼ਾਮ 7 ਵਜੇ ਕਿਸੇ ਵੀ ਸਟੇਸ਼ਨ ਤੋਂ ਚੱਲਣ ਵਾਲੀ ਆਖਰੀ ਟ੍ਰੇਨ ਹੋਵੇਗੀ। ਸਵੇਰ 5 ਵਜੇ ਤੋਂ ਸ਼ਾਮ 7 ਵਜੇ ਤੱਕ ਹੀ ਲੋਕਲ ਟ੍ਰੇਨਾਂ ਚੱਲਣਗੀਆਂ। ਮੈਟਰੋ ਰੇਲਵੇ ਨੇ ਟੋਕਨ ਦੇਣੇ ਅੱਜ ਤੋਂ ਬੰਦ ਕਰਦਿਆਂ ਕਿਹਾ ਕਿ 50 ਫੀਸਦੀ ਸਵਾਰੀਆਂ ਨਾਲ ਸਿਰਫ ਸਮਾਰਟ ਕਾਰਡ ਵਾਲੇ ਹੀ ਮੈਟਰੋ 'ਚ ਸਫਰ ਕਰ ਸਕਦੇ ਹਨ। ਨੈਸ਼ਨਲ ਮੈਡੀਕਲ ਕਾਲਜ ਹਸਪਤਾਲ ਦੇ ਮੁਖੀ ਡਾਕਟਰ ਪੀ. ਪੀ. ਮੁਖਰਜੀ ਨੇ ਦੱਸਿਆ ਕਿ ਕੋਲਕਾਤਾ ਸਮੇਤ ਬੰਗਾਲ ਚ ਕੋਰੋਨਾ ਦੇ ਮਰੀਜਾਂ ਦੀ ਗਿਣਤੀ ਚ ਵਾਧਾ ਹੋ ਰਿਹਾ ਹੈ, ਪਰ 95 ਫੀਸਦੀ ਮਰੀਜ ਨੂੰ ਬੀਮਾਰੀ ਦੇ ਲੱਛਣ ਨਹੀਂ ਹਨ ਤੇ ਉਹ ਗੰਭੀਰ ਵੀ ਨਹੀਂ ਹਨ। ਸਿਰਫ 2 ਫੀਸਦ ਮਰੀਜ ਹਸਪਤਾਲ ਚ ਭਰਤੀ ਕਰਨੇ ਪੈ ਰਹੇ ਹਨ। ਇਥੇ ਇਹ ਜ਼ਿਕਰਯੋਗ ਹੈ ਕਿ ਕੋਲਕਾਤਾ ਸਮੇਤ ਸਾਰੇ ਰਾਜ 'ਚ ਬੀਤੇ ਇਕ ਹਫ਼ਤੇ ਚ ਕੋਰੋਨਾ ਤੇਜੀ ਨਾਲ ਵਧਿਆ ਹੈ। ਪਹਿਲਾਂ ਰੋਜ਼ਾਨਾ 700-750 ਕੋਰੋਨਾ ਦੇ ਮਾਮਲੇ ਆ ਰਹੇ ਸਨ, ਹੁਣ ਇਹ ਵਧ ਕੇ 6 ਹਜ਼ਾਰ ਤੋਂ ਪਾਰ ਹੋ ਗਏ ਹਨ। 25 ਦਸੰਬਰ ਨੂੰ ਬੰਗਾਲ 'ਚ 552 (ਕੋਲਕਾਤਾ 'ਚ 197) ਕੋਰੋਨਾ ਦੇ ਮਾਮਲੇ ਸਨ। ਇਹ 29 ਦਸੰਬਰ 1089 (540), 1 ਜਨਵਰੀ 4512 (2398) ਹੋ ਗਏ। ਬੰਗਾਲ 'ਚ ਕੋਰੋਨਾ ਦੇ 6153 ਮਾਮਲਿਆਂ 'ਚ ਕੋਲਕਾਤਾ ਦੇ 3194 ਮਾਮਲੇ ਸਾਮਿਲ ਹਨ। ਰਾਜ 'ਚ ਬੀਤੇ 6 ਦਿਨਾਂ ਚ 14 ਗੁਣਾਂ ਤੇ ਕੋਲਕਾਤਾ 'ਚ 21 ਗੁਣਾ ਕੋਰੋਨਾ ਦੇ ਮਰੀਜਾਂ 'ਚ ਵਾਧਾ ਹੋਇਆ ਹੈ। ਪਾਜ਼ੀਟਿਵੀਟੀ ਰੇਟ 2 ਫੀਸਦ ਤੋਂ ਘੱਟ ਸੀ, ਜਿਹੜਾ ਵਧ ਕੇ 15.9 ਫੀਸਦੀ ਹੋ ਗਿਆ ਹੈ। ਰਾਜ ਸਰਕਾਰ ਨੇ ਕੋਵਿਡ ਦੇ ਮਰੀਜਾਂ ਨੂੰ ਲੈ ਕੇ ਜਾਣ ਵਾਲੀਆਂ ਐਂਬੂਲੈਂਸਾਂ ਦੀ ਗਿਣਤੀ 108 ਤੋਂ ਵਧਾ ਕੇ 177, ਕੋਵਿਡ ਬੈੱਡ ਦੀ ਗਿਣਤੀ 32 ਹਜ਼ਾਰ ਤੋਂ 36 ਹਜ਼ਾਰ (29 ਹਜ਼ਾਰ ਆਕਸੀਜਨ ਵਾਲੇ ਬੈੱਡ ਸਮੇਤ), 16 ਹਸਪਤਾਲਾਂ 'ਚ ਆਕਸੀਜਨ ਪਲਾਂਟ ਲਾਉਣ ਦਾ ਕੰਮ ਆਰੰਭ ਕੀਤਾ ਸੀ, 12 'ਚ ਪੂਰਾ ਹੋ ਗਿਆ ਹੈ। 54 ਹਜ਼ਾਰ ਆਸ਼ਾ ਕਰਮਚਾਰੀ, 3500 ਸਿਹਤ ਕਰਮਚਾਰੀਆਂ ਦੇ ਨਾਲ 900 ਡਾਕਟਰਾਂ ਤੇ 1600 ਨਰਸਾਂ ਨੂੰ ਕੋਵਿਡ ਦੀ ਵਿਸ਼ੇਸ਼ ਟ੍ਰੇਨਿੰਗ ਦਿੱਤੀ ਗਈ ਹੈ।



ਡੀ. ਏ. ਵੀ. ਕਾਲਜ ਦੀਆਂ ਵਿਦਿਆਰਥਣਾਂ ਜੇਤੂ ਚੈੱਕ ਸਮੇਤ ਖੁਸ਼ੀ ਦਾ ਇਜ਼ਹਾਰ ਕਰਦੀਆਂ ਹੋਈਆਂ। ਤਸਵੀਰ : ਨਿਮਰ

## ਡੀ. ਏ. ਵੀ. ਕਾਲਜ ਦੇ ਵਿਦਿਆਰਥੀਆਂ ਨੇ ਲੋਕ-ਨਾਚ ਝੂੰਮਰ ਦਾ ਪ੍ਰਦਰਸ਼ਨ ਕਰਕੇ ਦੋ ਲੱਖ ਦਾ ਇਨਾਮ ਜਿੱਤਿਆ

ਯਮੁਨਾਨਗਰ, 3 ਜਨਵਰੀ (ਗੁਰਦਿਆਲ ਸਿੰਘ ਨਿਮਰ)-ਪੰਚਕੂਲਾ ਵਿਖੇ ਕਰਵਾਏ ਗਏ ਰਾਜ ਪੱਧਰੀ ਯੁਵਕ ਮੇਲੇ 'ਚ ਡੀ. ਏ. ਵੀ. ਗਰਲਜ਼ ਕਾਲਜ ਦੀਆਂ ਵਿਦਿਆਰਥਣਾਂ ਨੇ ਹਰਿਆਣਵੀ ਡਾਂਸ 'ਚ ਪਹਿਲਾ ਇਨਾਮ ਜਿੱਤਿਆ ਹੈ। ਵਿਧਾਨ ਸਭਾ ਸਪੀਕਰ ਗਿਆਨ ਚੰਦ ਗੁਪਤਾ ਨੇ ਵਿਦਿਆਰਥਣਾਂ ਨੂੰ 2 ਲੱਖ ਰੁਪਏ ਦਾ ਚੈੱਕ ਭੇਟ ਕਰਕੇ ਸਨਮਾਨਿਤ ਕੀਤਾ। ਹੁਣ ਵਿਦਿਆਰਥਣਾਂ ਰਾਸ਼ਟਰੀ ਪੱਧਰ ਦੇ ਯੁਵਕ ਮੇਲੇ 'ਚ ਸੂਬੇ ਦੀ ਨੁਮਾਇੰਦਗੀ ਕਰਨਗੀਆਂ। ਕਾਲਜ ਪਹੁੰਚਣ ਵਾਲੀ ਜੇਤੂ ਟੀਮ ਦਾ ਨਿੱਘਾ ਸਵਾਗਤ ਕੀਤਾ ਗਿਆ। ਕਾਲਜ ਦੇ ਕਾਰਜਕਾਰੀ ਪ੍ਰਿੰ. ਡਾ. ਆਭਾ ਖੇਤਰਪਾਲ ਨੇ ਦੱਸਿਆ ਕਿ ਸਾਲਾਨਾ ਇਨਾਮ ਵੰਡ ਸਮਾਗਮ 'ਚ ਸਾਰਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਪ੍ਰਾਪਤੀ ਲਈ ਉਨ੍ਹਾਂ ਸੰਗੀਤ ਵਿਭਾਗ ਦੀ ਮੁਖੀ ਡਾ. ਨੀਤਾ ਦਿਵੇਦੀ, ਪੰਜਾਬੀ ਵਿਭਾਗ ਦੀ ਮੁਖੀ ਤੇ ਸੱਭਿਆਚਾਰਕ ਕਨਵੀਨਰ ਡਾ. ਗੁਰਸ਼ਰਨ ਕੌਰ ਤੇ ਟੀਮ ਦੇ ਸਮੂਹ ਮੈਂਬਰਾਂ ਨੂੰ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਪੰਚਕੂਲਾ 'ਚ ਕਰਵਾਏ ਗਏ ਰਾਜ ਪੱਧਰੀ ਯੁਵਕ ਮੇਲੇ 'ਚ ਹਰਿਆਣਵੀ ਡਾਂਸ 'ਚ 22 ਟੀਮਾਂ ਨੇ ਭਾਗ ਲਿਆ। ਕਾਲਜ ਦੀਆਂ ਵਿਦਿਆਰਥਣਾਂ ਨੇ ਕੰਦ ਕਾ ਦਮਨ ਲੜ੍ਹਾਇਆ, ਝੂੰਮਰ ਘਲੂੰਗੀ, ਕਰ ਸੋਲਹ ਸ਼ਿੰਗਾਰ ਤੇਰੇ ਸੰਗ ਚਲੂੰਗੀ ਦੇ ਗੀਤ ਗਾਏ। ਜਦੋਂ ਗੀਤ 'ਤੇ ਡਾਂਸ ਕੀਤਾ ਗਿਆ ਤਾਂ ਸਾਰਿਆਂ ਨੇ ਦੰਦਾਂ ਹੇਠ ਉਂਗਲਾਂ ਦਬਾ ਲਈਆਂ। ਸਾਢੇ ਨੌਂ ਮਿੰਟ ਤੱਕ ਚੱਲੀ ਇਸ ਪੇਸ਼ਕਾਰੀ ਨੇ ਸਭ ਦਾ ਮਨ ਮੋਹ ਲਿਆ। ਲੜਕੀਆਂ ਨੇ ਹਰਿਆਣਵੀ ਪਹਿਰਾਵੇ 'ਚ ਝੂੰਮਰ ਡਾਂਸ ਪੇਸ਼ ਕੀਤਾ। ਉਨ੍ਹਾਂ ਦੱਸਿਆ ਕਿ ਝੂਮਰ ਨਾਚ ਹਰਿਆਣਾ ਦਾ ਲੋਕ ਨਾਚ ਹੈ ਜੋ ਖੁਸ਼ੀ ਦੇ ਮੌਕਿਆਂ 'ਤੇ ਕੀਤਾ ਜਾਂਦਾ ਹੈ। ਵਿਦਿਆਰਥੀਆਂ ਨੇ ਡਾਂਸ ਰਾਹੀਂ ਹਰਿਆਣਵੀ ਲੋਕ ਸੱਭਿਆਚਾਰ ਦਾ ਮਨਮੋਹਕ ਚਿਤਰਣ ਪੇਸ਼ ਕੀਤਾ। ਡਾ. ਗੁਰਸ਼ਰਨ ਕੌਰ ਨੇ ਦੱਸਿਆ ਕਿ ਡੀ. ਏ. ਵੀ. ਗਰਲਜ਼ ਕਾਲਜ ਦੀ ਟੀਮ ਪਾਂਡੀਚਰੀ ਵਿਖੇ ਹੋਣ ਵਾਲੇ ਰਾਸ਼ਟਰੀ ਪੱਧਰ ਦੇ ਯੁਵਕ ਮੇਲੇ 'ਚ ਹਰਿਆਣਾ ਦੀ ਨੁਮਾਇੰਦਗੀ ਕਰੇਗੀ। ਉਨ੍ਹਾਂ ਦੱਸਿਆ ਕਿ ਇਹ ਮੇਲਾ 12 ਤੋਂ 16 ਜਨਵਰੀ ਤੱਕ ਕਰਨ ਦੀ ਤਜਵੀਜ਼ ਰੱਖੀ ਗਈ ਹੈ, ਜਿਸ 'ਚ ਸਾਰੇ ਰਾਜਾਂ ਦੀਆਂ ਟੀਮਾਂ ਭਾਗ ਲੈਣਗੀਆਂ।

## ਰਜਬਾਹੇ 'ਚ ਡਿੱਗੀ ਕਾਰ, ਤਿੰਨ ਜ਼ਖ਼ਮੀ

ਸਿਰਸਾ, 3 ਜਨਵਰੀ (ਭੁਪਿੰਦਰ ਪੰਨੀਵਾਲੀਆ)-ਸਿਰਸਾ ਜ਼ਿਲ੍ਹਾ ਦੇ ਪਿੰਡ ਰੋੜੀ ਦੇ ਕੋਲ ਇਕ ਕਾਰ ਬੇਕਾਬੂ ਹੋ ਕੇ ਪੁੱਲ ਦੀ ਰੇਲਿੰਗ ਤੋੜ ਕੇ ਰਜਬਾਹੇ ਵਿਚ ਜਾ ਡਿੱਗੀ। ਕਾਰ ਵਿਚ ਸਵਾਰ ਤਿੰਨ ਵਿਅਕਤੀ ਫੱਟੜ ਹੋ ਗਏ ਜਿਨ੍ਹਾਂ ਨੂੰ ਬਾਅਦ ਵਿਚ ਹਸਪਤਾਲ 'ਚ ਦਾਖਲ ਕਰਾਇਆ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ ਪਿੰਡ ਕਲਾਲਵਾਲਾ ਵਾਸੀ ਜਗਤਾਰ ਸਿੰਘ, ਕੁਲਦੀਪ ਸਿੰਘ ਅਤੇ ਇੱਕ ਹੋਰ ਵਿਅਕਤੀ ਬੀਤੀ ਰਾਤ ਕਾਰ ਵਿੱਚ ਸਵਾਰ ਹੋਕੇ ਰੋੜੀ ਵੱਲ ਆ ਰਹੇ ਸਨ। ਇਸ ਦੌਰਾਨ ਕਾਰ ਰੋੜੀ ਬ੍ਰਾਂਚ ਰਜਬਾਹੇ ਦੇ ਪੁੱਲ ਦੀ ਰੇਲਿੰਗ ਨਾਲ ਟਕਰਾ ਗਈ। ਟੱਕਰ ਇੰਨੀ ਜ਼ੋਰਦਾਰ ਸੀ ਕਿ ਕਾਰ ਦਾ ਇੰਜਨ ਨਿਕਲਕੇ ਸੜਕ ਉੱਤੇ ਜਾ ਡਿੱਗਾ ਅਤੇ ਗੱਡੀ ਰਜਬਾਹੇ ਵਿੱਚ ਜਾ ਡਿੱਗੀ। ਪਰ ਰਜਬਾਹੇ ਵਿੱਚ ਪਾਣੀ ਘੱਟ ਸੀ ਇਸਲਈ ਗੱਡੀ ਸਵਾਰ ਤਿੰਨਾਂ ਵਿਅਕਤੀ ਤੁਰੰਤ ਕਾਰ 'ਚੋਂ ਨਿਕਲਕੇ ਨਹਿਰ 'ਚੋਂ ਬਾਹਰ ਨਿਕਲ ਆਏ। ਇਸ ਤੋਂ ਬਾਅਦ ਉੱਥੋਂ ਲੰਘ ਰਹੇ ਕਿਸਾਨਾਂ ਨੇ ਉਨ੍ਹਾਂ ਨੂੰ ਜ਼ਖ਼ਮੀ ਵੇਖ ਕੇ 112 ਨੰਬਰ 'ਤੇ ਕਾਲ ਕੀਤੀ, ਜਿਸ ਤੋਂ ਬਾਅਦ ਪੁਲਿਸ ਨੇ ਐਂਬੂਲੈਂਸ 'ਤੇ ਤਿੰਨਾਂ ਨੂੰ ਇਲਾਜ ਲਈ ਹਸਪਤਾਲ 'ਚ ਦਾਖ਼ਲ ਕਰਵਾਇਆ।



ਨਗਰ ਕੀਰਤਨ ਦੀ ਅਗਵਾਈ ਕਰਦੇ ਹੋਏ ਪੰਜ ਪਿਆਰੇ (ਸੱਜੇ) ਸੰਗਤਾਂ ਉਤਸ਼ਾਹ ਨਾਲ ਕੀਰਤਨ ਕਰਦੀਆਂ ਹੋਈਆਂ। ਅਜੀਤ ਤਸਵੀਰਾਂ

## ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ ਸਜਾਇਆ

ਇੰਦੌਰ, 3 ਜਨਵਰੀ (ਰਤਨਜੀਤ ਸਿੰਘ ਸ਼ੈਰੀ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਇੰਦੌਰ ਸਿੱਖ ਸਮਾਜ ਵਲੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿਚ ਇੰਦੌਰ ਦੇ ਲਗਪਗ 30 ਗੁਰਦੁਆਰਿਆਂ ਅਤੇ 18 ਜਥੇਬੰਦੀਆਂ ਦੀਆਂ ਸੰਗਤਾਂ ਨੇ ਸ਼ਹਿਰ ਦਾ ਮਾਹੌਲ ਭਗਤੀਮਈ ਕਰ ਦਿੱਤਾ। ਅਨੁਸ਼ਾਸਨ ਨਾਲ ਕੋਵਿਡ ਨਿਯਮਾਂ ਦਾ ਪਾਲਣ ਕਰਦੇ ਹੋਏ ਸਮੁੱਚੀ ਸੰਗਤ ਨੇ ਬਾਣੀ ਦਾ ਗੁਣਗਾਨ ਕੀਤਾ। ਪੰਜ ਪਿਆਰੇ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ। ਸੁੰਦਰ ਗੱਡੀ 'ਚ ਗੁਰੂ ਮਹਾਰਾਜ ਦੀ ਪਾਲਕੀ ਸਜਾਈ ਹੋਈ ਸੀ। ਸੜਕਾਂ ਧੋ ਕੇ ਤੇ ਫੁੱਲਾਂ ਦੀ ਪਰਤ ਵਿਛਾ ਕੇ ਸ਼ਹਿਰ ਵਾਸੀਆਂ ਨੇ ਗੁਰੂ ਮਹਾਰਾਜ ਦੀ ਪਾਲਕੀ ਦਾ ਸਨਮਾਨ ਤੇ ਸਿਜਦਾ ਕੀਤਾ। ਮਹਾਰਾਜਾ ਰਣਜੀਤ ਸਿੰਘ ਕਾਲਜ ਦੀਆਂ ਸਮੂਹ ਸੰਸਥਾਵਾਂ ਦੇ ਸਟਾਫ਼ ਨੇ ਵੀ ਨਗਰ ਕੀਰਤਨ 'ਤੇ ਫੁੱਲਾਂ ਦੀ ਵਰਖਾ ਕੀਤੀ। ਪਹਿਲੀ ਵਾਰ ਵਣਜਾਰਾ ਸਮਾਜ ਦੇ ਲੋਕਾਂ ਨੇ ਵੀ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ। ਸ੍ਰੀ ਗੁਰੂ ਸਿੰਘ ਸਭਾ ਇੰਦੌਰ ਵਲੋਂ ਸਮੁੱਚੇ ਨਗਰ ਕੀਰਤਨ ਵਿਚ ਹਰ ਗੱਲ ਦੀ ਬੜੇ ਸੁਚੱਜੇ ਤਰੀਕੇ ਨਾਲ ਵਿਵਸਥਾ ਕੀਤੀ ਹੋਈ ਸੀ। ਮੱਧ ਪ੍ਰਦੇਸ਼, ਛੱਤੀਸਗੜ੍ਹ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਤੇ ਸਿਮਰਨ ਗਰੁੱਪ ਵਲੋਂ ਪ੍ਰਧਾਨ ਹਰਪਾਲ ਸਿੰਘ ਭਾਟੀਆ ਵਲੋਂ ਨਗਰ ਕੀਰਤਨ ਨੂੰ ਜੀ ਆਇਆਂ ਕਿਹਾ ਗਿਆ।

ਗੁਰਦੁਆਰਾ ਗੁਰੂ ਹਰਿਰਾਏ ਸਾਹਿਬ ਲਿੰਬੋਦੀ ਦੀਆਂ ਸੰਗਤਾਂ ਨੇ ਵੀ ਸ਼ਬਦ ਕੀਰਤਨ ਬੜੇ ਸੁਚੱਜੇ ਤਰੀਕੇ ਨਾਲ ਕੀਤਾ। ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਮਨਜੀਤ ਸਿੰਘ ਭਾਟੀਆ ਤੇ ਸਕੱਤਰ ਜਸਬੀਰ ਸਿੰਘ ਗਾਂਧੀ ਨੇ ਸੰਗਤਾਂ ਦਾ ਧੰਨਵਾਦ ਕੀਤਾ।






ਐੱਮ.ਡੀ.ਐੱਲ. ਦੇ ਕਮਾਂਡਰ ਜਸਬੀਰ ਸਿੰਘ (ਰਿਟਾ:) ਸ੍ਰੀਮਤੀ ਨੀਰੂ ਸਿੰਘ ਦਾ ਸਨਮਾਨ ਕਰਦੇ ਹੋਏ। ਅਜੀਤ ਤਸਵੀਰ

## ਐੱਮ. ਡੀ. ਐੱਲ. ਦੀ ਡਾਇਰੈਕਟਰ ਬਣੀ ਗਵਾਲੀਅਰ ਦੀ ਨੀਰੂ ਸਿੰਘ

ਗਵਾਲੀਅਰ, 3 ਜਨਵਰੀ (ਰਤਨਜੀਤ ਸਿੰਘ ਸ਼ੈਰੀ)-ਭਾਰਤ ਸਰਕਾਰ ਦੇ ਸੁਰੱਖਿਆ ਵਿਭਾਗ ਦੇ ਸਰਵਜਨਿਕ ਅਹੁਦੇ ਮਜਗਾਂਵ ਡਾਕ ਲਿਮਟਿਡ (ਐੱਮ.ਡੀ.ਐੱਲ.) ਦੇ ਡਾਇਰੈਕਟਰ ਪਦ 'ਤੇ ਗਵਾਲੀਅਰ ਦੀ ਨੀਰੂ ਸਿੰਘ ਨੂੰ ਸੁਸ਼ੋਭਿਤ ਕੀਤਾ ਗਿਆ ਹੈ। ਇਸ ਅਹੁਦੇ 'ਤੇ ਬਿਰਾਜਮਾਨ ਹੋਣ ਵਾਲੀ ਸ੍ਰੀਮਤੀ ਨੀਰੂ ਸਿੰਘ ਭਾਰਤ ਦੀ ਪਹਿਲੀ ਸਿੱਖ ਬੀਬੀ ਹੈ ਜਿਸ ਨੂੰ ਇਹ ਮਾਣ ਮਿਲਿਆ। ਇਸ ਦੇ ਨਾਲ ਹੀ ਮਲਿਕਾਅਰਜੁਨ ਰਾਵ ਹੈਦਰਾਬਾਦ ਤੇ ਸ਼ੰਭੂ ਪ੍ਰਸਾਦ ਤੁੰਡੀਆਂ ਗੁਜਰਾਤ ਨੂੰ ਨਿਯੁਕਤ ਕੀਤਾ ਗਿਆ ਹੈ। ਐੱਮ.ਡੀ.ਐੱਲ. ਮੁੱਖ ਤੌਰ 'ਤੇ ਸਮੁੰਦਰੀ ਜਹਾਜ਼ ਤੇ ਪਣਡੁੱਬੀ ਬਣਾਉਂਦੀ ਹੈ। ਉਨ੍ਹਾਂ ਮੁੰਬਈ ਸਥਿਤ ਐੱਮ.ਡੀ.ਐੱਲ. ਦੇ ਆਫ਼ਿਸ ਪੁੱਜ ਕੇ ਜ਼ਿੰਮੇਵਾਰੀ ਸੰਭਾਲੀ। ਉਹ ਸਮੇਂ 'ਤੇ ਮੀਟਿੰਗਾਂ ਵਿਚ ਹਿੱਸਾ ਲੈਣਗੇ। ਉਨ੍ਹਾਂ ਦਾ ਕਾਰਜ ਕਾਲ 3 ਸਾਲ ਦਾ ਰਹੇਗਾ। ਸ੍ਰੀਮਤੀ ਨੀਰੂ ਸਿੰਘ ਦੀ ਇਸ ਨਿਯੁਕਤੀ 'ਤੇ ਮੁੰਬਈ ਦੇ ਉੱਘੇ ਸਿਰਕੱਢ ਸੇਵੀ ਭੁਪਿੰਦਰ ਸਿੰਘ ਕੋਹਲੀ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਭੁਪਾਲ, ਇੰਦੌਰ, ਰਤਲਾਮ, ਉਜੈਨ, ਗਵਾਲੀਅਰ, ਆਗਰਾ ਅਤੇ ਹੋਰ ਅਨੇਕਾਂ ਥਾਵਾਂ ਤੋਂ ਵਧਾਈ ਦੇ ਸੁਨੇਹੇ ਮਿਲ ਰਹੇ ਹਨ। ਇਸ ਤੋਂ ਪਹਿਲਾਂ ਸ੍ਰੀਮਤੀ ਨੀਰੂ ਸਿੰਘ ਮੱਧ ਪ੍ਰਦੇਸ਼ ਪੰਜਾਬੀ ਸਾਹਿਤ ਅਕੈਡਮੀ ਦੀ ਵੀ ਡਾਇਰੈਕਟਰ ਹੈ। ਇਸ ਤਰ੍ਹਾਂ ਹੁਣ ਉਨ੍ਹਾਂ 'ਤੇ ਦੋਹਰੀ ਜ਼ਿੰਮੇਵਾਰੀ ਆ ਗਈ ਹੈ।






ਇਕ ਪੰਪ 'ਤੇ ਲੱਗਿਆ ਬੈਨਰ ਅਤੇ ਇਕ ਪੰਪ 'ਤੇ ਕੋਰੋਨਾ ਨੇਮਾਂ ਦੀਆਂ ਧੱਜੀਆਂ ਉਡਾਉਂਦੇ ਪੰਪ ਦੇ ਕਰਿੰਦੇ ਤੇ ਲੋਕ। ਤਸਵੀਰਾਂ: ਪੰਨੀਵਾਲੀਆ

# ਕੋਰੋਨਾ ਵੈਕਸੀਨ ਨਾ ਲਗਵਾਉਣ ਵਾਲਿਆਂ ਦਾ ਜਨਤਕ ਥਾਵਾਂ 'ਤੇ ਦਾਖ਼ਲਾ ਬੰਦ

## ਵੈਕਸੀਨ ਨਾ ਲਗਵਾਉਣ ਵਾਲਿਆਂ ਨੂੰ ਨਹੀਂ ਮਿਲਿਆ ਪੰਪਾਂ ਤੋਂ ਤੇਲ

ਸਿਰਸਾ, 3 ਜਨਵਰੀ (ਭੁਪਿੰਦਰ ਪੰਨੀਵਾਲੀਆ)-ਭਾਵੇਂ ਜ਼ਿਲ੍ਹਾ ਸਿਰਸਾ ਵਿਚ ਓਮੀਕਰੋਨ ਦਾ ਕੋਈ ਕੇਸ ਸਾਹਮਣੇ ਨਹੀਂ ਆਇਆ ਹੈ, ਪਰ ਜ਼ਿਲ੍ਹਾ ਪ੍ਰਸ਼ਾਸਨ ਨੇ ਇਸ ਨੂੰ ਰੋਕਣ ਲਈ ਸਖ਼ਤੀ ਵਰਤਣੀ ਸ਼ੁਰੂ ਕਰ ਦਿੱਤੀ ਹੈ। ਜਿਹੜੇ ਲੋਕਾਂ ਨੇ ਹਾਲੇ ਤੱਕ ਕੋਰੋਨਾ ਵੈਕਸੀਨ ਦੀ ਪਹਿਲੀ ਡੋਜ਼ ਨਹੀਂ ਲਗਵਾਈ ਹੈ, ਉਨ੍ਹਾਂ ਦੇ ਜਨਤਕ ਥਾਵਾਂ 'ਤੇ ਜਾਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਬਿਨਾਂ ਵੈਕਸੀਨ ਵਾਲਿਆਂ ਦੇ ਵਾਹਨਾਂ 'ਚ ਜਿਥੇ ਪੈਟਰੋਲ ਪੰਪ ਤੋਂ ਤੇਲ ਭਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਉੱਥੇ ਹੀ ਰਸੋਈ ਗੈਸ ਵੀ ਅਜਿਹੇ ਲੋਕਾਂ ਨੂੰ ਦੇਣੀ ਬੰਦ ਕਰ ਦਿੱਤੀ ਗਈ ਹੈ। ਸਿਰਸਾ ਦੇ ਐੱਸ.ਡੀ.ਐੱਮ. ਜੈਵੀਰ ਯਾਦਵ ਵਲੋਂ ਬਾਜ਼ਾਰਾਂ ਵਿਚ ਲੋਕਾਂ ਦੀ ਵੈਕਸੀਨ ਲਗਾਏ ਜਾਣ ਦੇ ਸਰਟੀਫਿਕੇਟ ਚੈੱਕ ਕੀਤੇ ਗਏ ਤੇ ਲੋਕਾਂ ਨੂੰ ਮਾਸਕ ਲਗਵਾਉਣ ਲਈ ਸਖ਼ਤ ਹਦਾਇਤ ਕੀਤੀ ਗਈ। ਸਿਰਸਾ ਵਿਚ ਅੱਜ 15 ਤੋਂ 18 ਸਾਲ ਦੇ ਦੇ ਨੌਜਵਾਨਾਂ ਨੂੰ ਕੋਰੋਨਾ ਵੈਕਸੀਨ ਲਗਵਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਸਿਵਲ ਹਸਪਤਾਲ ਤੋਂ ਇਲਾਵਾ ਕਈ ਹੋਰ ਜਨਤਕ ਥਾਵਾਂ 'ਤੇ ਲੋਕਾਂ ਨੂੰ ਕੋਰੋਨਾ ਵੈਕਸੀਨ ਲਾਈ ਗਈ। ਵੈਕਸੀਨ ਨਾ ਲਗਵਾਉਣ ਵਾਲੇ ਲੋਕਾਂ ਨੂੰ ਜਿੱਥੇ ਜਨਤਕ ਥਾਵਾਂ 'ਤੇ ਜਾਣ ਦੀ ਪਾਬੰਦੀ ਲਗਾਈ ਗਈ ਹੈ ਉਥੇ ਹੀ ਉਨ੍ਹਾਂ ਲੋਕਾਂ ਨੂੰ ਪੈਟਰੋਲ ਪੰਪਾਂ ਤੋਂ ਤੇਲ ਨਹੀਂ ਦਿੱਤਾ ਜਾ ਰਿਹਾ ਜਿਹੜੇ ਲੋਕਾਂ ਨੇ ਹਾਲੇ ਤੱਕ ਪਹਿਲੀ ਡੋਜ਼ ਨਹੀਂ ਲਗਵਾਈ ਹੈ। ਪੈਟਰੋਲ ਪੰਪ ਦੇ ਸੰਚਾਲਕਾਂ ਨੇ ਦੱਸਿਆ ਹੈ ਕਿ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹਦਾਇਤਾਂ ਅਨੁਸਾਰ ਉਨ੍ਹਾਂ ਲੋਕਾਂ ਦੀ ਵੈਕਸੀਨ ਲਗਾਵਾਏ ਜਾਣ ਦਾ ਸਰਟੀਫਿਕੇਟ ਚੈੱਕ ਕਰਕੇ ਹੀ ਤੇਲ ਪਾਇਆ ਜਾ ਰਿਹਾ ਹੈ। ਜਿਹੜੇ ਲੋਕਾਂ ਨੇ ਵੈਕਸੀਨ ਨਹੀਂ ਲਗਵਾਈ ਜਾਂ ਜਿਨ੍ਹਾਂ ਨੇ ਮਾਸਕ ਨਹੀਂ ਲਗਾਇਆ ਹੋਇਆ, ਉਨ੍ਹਾਂ ਨੂੰ ਤੇਲ ਨਹੀਂ ਦਿੱਤਾ ਜਾ ਰਿਹਾ। ਸਿਰਸਾ ਦੇ ਐੱਸ.ਡੀ.ਐੱਮ. ਜੈਵੀਰ ਯਾਦਵ ਨੇ ਬਾਜ਼ਾਰਾਂ ਵਿਚ ਲੋਕਾਂ ਦੇ ਵੈਕਸੀਨ ਲਗਵਾਏ ਜਾਣ ਦੇ ਸਰਟੀਫਿਕੇਟ ਚੈੱਕ ਕੀਤੇ ਤੇ ਲੋਕਾਂ ਨੂੰ ਹਦਾਇਤ ਕੀਤੀ ਕਿ ਉਹ ਵੈਕਸੀਨ ਲਗਵਾਉਣ ਤੇ ਮਾਸਕ ਦੀ ਹਰ ਹਾਲਤ ਵਿਚ ਵਰਤੋਂ ਕਰਨ। ਉਨ੍ਹਾਂ ਕਿਹਾ ਕਿ ਜਿਹੜੇ ਲੋਕਾਂ ਨੇ ਹਾਲੇ ਵੈਕਸੀਨ ਦੀ ਪਹਿਲੀ ਡੋਜ਼ ਨਹੀਂ ਲਗਵਾਈ ਉਨ੍ਹਾਂ ਨੂੰ ਨਾ ਤਾਂ ਜਨਤਕ ਥਾਵਾਂ 'ਤੇ ਜਾਣ ਦੀ ਇਜਾਜ਼ਤ ਹੋਵੇਗੀ ਤੇ ਨਾ ਹੀ ਸਰਕਾਰੀ ਦਫ਼ਤਰਾਂ ਵਿਚ, ਅਜਿਹੇ ਲੋਕਾਂ ਦੇ ਚਾਲਾਨ ਕੀਤੇ ਜਾਣਗੇ। ਉੱਧਰ ਕਈ ਥਾਵਾਂ 'ਤੇ ਕੋਵਿਡ ਨਿਯਮਾਂ ਦੀਆਂ ਲੋਕਾਂ ਵਲੋਂ ਸ਼ਰੇਆਮ ਧੱਜੀਆਂ ਵੀ ਉਡਾਈਆਂ ਗਈਆਂ ਵੇਖੀਆਂ ਗਈਆਂ। ਜਿੱਥੇ ਕਈ ਲੋਕਾਂ ਨੇ ਮਾਸਕ ਨਹੀਂ ਲਗਾਏ ਹੋਏ ਸਨ, ਉੱਥੇ ਹੀ ਕਈ ਪੈਟਰੋਲ ਪੰਪਾਂ ਸੰਚਾਲਕਾਂ ਵਲੋਂ ਵੀ ਪ੍ਰਸ਼ਾਸਨਿਕ ਹੁਕਮਾਂ ਦੀਆਂ ਵੀ ਧੱਜੀਆਂ ਉਡਦੀਆਂ ਵੇਖੀਆਂ ਗਈਆਂ।

